YOUR MONTHLY

# BSS Connect

FEBRUARY 2026

## Sangat Update

TOGETHER WE GROW

- We have recently shared our 10-year plan, and we want to hear your feedback this month! You can find the plan attached, and the link to our feedback form is at the end of this email.
- We would like to thank our Sangat for the donations for Basingstoke seva and we feel humbled how many people reached out to support!
- We are looking for volunteers for our Kids Club! It's a great opportunity to get involved and do seva for the children. Please contact Kully Kalsi on 07947 881817 if you are interested.
- Please let us know if you would like to get involved in any fundraising activities for the BSS.
- Reminder to book Kirtan programmes - we know people can feel anxious doing it for the first time but we encourage you to get involved and we are here to support you!

| Month | Saturday Date | Booked? | Sunday Date | Booked? |
|---|---|---|---|---|
| Feb | 21st | *Booked* | 8th | |
| Mar | 14th | *Booked* | 1st | *Booked* |
| Apr | 18th | *Booked* | 5th | |
| May | 16th | *Booked* | 3rd | |
| Jun | 20th | *Booked* | 7th | |
| Jul | 18th | *Booked* | | |
| Aug | 15th | | | |
| Sep | 12th | *Booked* | | |
| Oct | 10th | | | |
| Nov | 21st | | | |
| Dec | 26th | | 13th | |

OUR NEXT

## Kirtan Programmes

**SUNDAY 8TH FEBRUARY**

11:00AM-1:00PM

**AND**

**SATURDAY 21 FEBRUARY**

3:30PM-6:00PM

We are honoured to have the Seva by Gurmeet Singh Brar on the 21st

CARNIVAL HALL, COUNCIL ROAD, BASINGSTOKE, RG21 3DH

ਸੰਗਤ ਅੱਪਡੇਟ
ਇਕੱਠੇ ਅੱਗੇ ਵਧੀਏ

- ਅਸੀਂ ਹਾਲ ਹੀ ਵਿੱਚ ਆਪਣੀ 10 ਸਾਲਾਂ ਦੀ ਯੋਜਨਾ ਸਾਂਝੀ ਕੀਤੀ ਹੈ ਅਤੇ ਅਸੀਂ ਇਸ ਮਹੀਨੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਾਂ। ਯੋਜਨਾ ਨਾਲ ਸੰਲਗਨ ਹੈ ਅਤੇ ਆਪਣੀ ਰਾਇ ਭੇਜਣ ਲਈ ਪ੍ਰਸ਼ਨਾਵਲੀ ਦਾ ਲਿੰਕ ਇਸ ਈਮੇਲ ਦੇ ਅੰਤ ਵਿੱਚ ਦਿੱਤਾ ਗਿਆ ਹੈ।
- ਬੇਸਿੰਗਸਟੋਕ ਸੇਵਾ ਲਈ ਮਿਲੀਆਂ ਦਾਨ ਰਾਸ਼ੀਆਂ ਵਾਸਤੇ ਅਸੀਂ ਆਪਣੀ ਸੰਗਤ ਦਾ ਦਿਲੋਂ ਧੰਨਵਾਦ ਕਰਦੇ ਹਾਂ। ਸਾਨੂੰ ਨਿਮਰਤਾ ਮਹਿਸੂਸ ਹੁੰਦੀ ਹੈ ਕਿ ਇੰਨੇ ਸਾਰੇ ਸੱਜਣਾਂ ਨੇ ਅੱਗੇ ਆ ਕੇ ਸਹਿਯੋਗ ਦਿੱਤਾ।
- ਅਸੀਂ ਆਪਣੇ ਬੱਚਿਆਂ ਦੇ ਕਲੱਬ ਲਈ ਸੇਵਾਦਾਰਾਂ ਦੀ ਲੋੜ ਮਹਿਸੂਸ ਕਰ ਰਹੇ ਹਾਂ। ਇਹ ਬੱਚਿਆਂ ਦੀ ਸੇਵਾ ਕਰਨ ਅਤੇ ਸੰਗਤ ਨਾਲ ਜੁੜਨ ਦਾ ਸੁੰਦਰ ਮੌਕਾ ਹੈ। ਜੇ ਤੁਸੀਂ ਇੱਛੁਕ ਹੋ ਤਾਂ ਕਿਰਪਾ ਕਰਕੇ ਕੁੱਲੀ ਕਲਸੀ ਨੂੰ **07947 881817** 'ਤੇ ਸੰਪਰਕ ਕਰੋ।
- ਜੇ ਤੁਸੀਂ **BSS** ਲਈ ਕਿਸੇ ਵੀ ਧਨ ਇਕੱਠਾ ਕਰਨ ਦੀ ਗਤੀਵਿਧੀ ਵਿੱਚ ਭਾਗ ਲੈਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਜ਼ਰੂਰ ਦੱਸੋ।
- ਕਿਰਤਨ ਸਮਾਗਮ ਬੁੱਕ ਕਰਨ ਦੀ ਯਾਦ ਦਿਹਾਨੀ — ਅਸੀਂ ਜਾਣਦੇ ਹਾਂ ਕਿ ਪਹਿਲੀ ਵਾਰ ਇਹ ਕਰਦੇ ਸਮੇਂ ਕੁਝ ਲੋਕਾਂ ਨੂੰ ਘਬਰਾਹਟ ਹੋ ਸਕਦੀ ਹੈ, ਪਰ ਅਸੀਂ ਤੁਹਾਨੂੰ ਹੌਸਲਾ ਦਿੰਦੇ ਹਾਂ ਕਿ ਅੱਗੇ ਆ ਕੇ ਭਾਗ ਲਵੋ। ਅਸੀਂ ਤੁਹਾਡੀ ਸਹਾਇਤਾ ਲਈ ਹਮੇਸ਼ਾ ਤਿਆਰ ਹਾਂ।







# Theme of the Month

## LIVING SIKHI IN MODERN BRITAIN

Living as Sikhs in modern Britain is both a blessing and a responsibility. We are fortunate to have the freedom to wear our Dastaar, keep our Kesh, and gather openly in our Gurdwaras. However, alongside these freedoms come challenges — workplace pressures, social media influence, and the desire to fit into mainstream society.

Guru Nanak Dev Ji gave us a timeless path for every generation:

***"ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥" (Ang 1245)***
***"Those who earn by honest work and share with others, O Nanak, have found the true path."***

In UK workplaces, Kirat Karni means working with honesty and integrity, even when no one is watching. It means fairness in leadership, respect for colleagues from all backgrounds, and standing firm in ethical decisions. When Sikhs are recognised for reliability, professionalism, and strong moral character, we are truly living Sikhi.

For our children and youth growing up in British schools and universities, maintaining Sikh identity can sometimes feel challenging. Wearing a Dastaar or Kara may invite questions. Yet our distinct identity was given by the Guru to stand for courage, equality, and justice.

***"ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ"***
***"Recognise all of humanity as one." — Guru Gobind Singh Ji***

In a diverse and multicultural country like Britain, this teaching is especially powerful. Sikhi teaches us to respect all faiths while remaining confident and grounded in our own.

Even in our busy daily routines, spiritual connection is essential:

***"ਸਿਮਰਿ ਸਿਮਰਿ ਸੁਖੁ ਪਾਵਹੁ" (Ang 262)***
***"Remember Him in meditation, and you shall find peace."***

Whether commuting to London, managing work responsibilities, or preparing children for school, even a few moments of Simran each day can bring calm and clarity.

Living Sikhi in modern Britain extends beyond the Gurdwara walls. Supporting local food banks, helping neighbours, participating in interfaith initiatives, and contributing positively to society are all forms of Seva. Our actions should reflect the Guru's message of compassion and service.

Let us live in such a way that people in Britain recognise Sikhs not only by appearance, but by honesty, humility, seva, and courage.

Vaheguru Ji Ka Khalsa, Vaheguru Ji Ki Fateh.

---

By:
Davinder Singh
Secretary – Basingstoke Sikh Sabha

# Theme of the Month

## ਆਧੁਨਿਕ ਬ੍ਰਿਟੇਨ ਵਿੱਚ ਸਿੱਖੀ ਜੀਵਨ

ਆਧੁਨਿਕ ਬ੍ਰਿਟੇਨ ਵਿੱਚ ਸਿੱਖ ਵਜੋਂ ਜੀਣਾ ਸਾਡੇ ਲਈ ਇਕ ਵੱਡੀ ਬਖ਼ਸ਼ਿਸ਼ ਵੀ ਹੈ ਅਤੇ ਇਕ ਜ਼ਿੰਮੇਵਾਰੀ ਵੀ। ਅਸੀਂ ਖੁਸ਼ਕਿਸਮਤ ਹਾਂ ਕਿ ਅਸੀਂ ਆਪਣੀ ਦਸਤਾਰ ਪਾ ਸਕਦੇ ਹਾਂ, ਕੇਸ ਰੱਖ ਸਕਦੇ ਹਾਂ ਅਤੇ ਗੁਰਦੁਆਰਿਆਂ ਵਿੱਚ ਖੁੱਲ੍ਹੇ ਤੌਰ ’ਤੇ ਇਕੱਠੇ ਹੋ ਕੇ ਗੁਰੂ ਦੀ ਬਾਣੀ ਸੁਣ ਸਕਦੇ ਹਾਂ। ਪਰ ਇਸ ਦੇ ਨਾਲ-ਨਾਲ ਸਾਨੂੰ ਨੌਕਰੀ ਦਾ ਦਬਾਅ, ਸਮਾਜਿਕ ਮੀਡੀਆ ਦਾ ਪ੍ਰਭਾਵ ਅਤੇ ਸਮਾਜ ਵਿੱਚ ਘੁਲਣ-ਮਿਲਣ ਦੀਆਂ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਸਾਨੂੰ ਹਰ ਸਮੇਂ ਲਈ ਸੱਚਾ ਜੀਵਨ ਮਾਰਗ ਦਿੱਤਾ ਹੈ:

***“ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥” (ਅੰਗ 1245)***

ਅਰਥ: ਜੋ ਮਨੁੱਖ ਮਿਹਨਤ ਨਾਲ ਕਮਾਈ ਕਰਦਾ ਹੈ ਅਤੇ ਹੋਰਨਾਂ ਨਾਲ ਸਾਂਝ ਪਾਂਦਾ ਹੈ, ਉਹੀ ਸਹੀ ਰਾਹ ਨੂੰ ਪਛਾਣਦਾ ਹੈ।

ਬ੍ਰਿਟੇਨ ਦੇ ਕਾਰਜ-ਸਥਾਨਾਂ ਵਿੱਚ ਕਿਰਤ ਕਰਨੀ ਦਾ ਅਰਥ ਹੈ ਇਮਾਨਦਾਰੀ, ਸੱਚਾਈ ਅਤੇ ਨੈਤਿਕਤਾ ਨਾਲ ਕੰਮ ਕਰਨਾ। ਜਦੋਂ ਸਿੱਖ ਆਪਣੀ ਮਿਹਨਤ, ਭਰੋਸੇਯੋਗ ਸੁਭਾਉ ਅਤੇ ਚੰਗੇ ਚਰਿੱਤਰ ਕਰਕੇ ਜਾਣੇ ਜਾਂਦੇ ਹਨ, ਤਦੋਂ ਉਹ ਅਸਲ ਵਿੱਚ ਸਿੱਖੀ ਜੀ ਰਹੇ ਹੁੰਦੇ ਹਨ।

ਸਾਡੇ ਬੱਚੇ ਅਤੇ ਨੌਜਵਾਨ ਜੋ ਬ੍ਰਿਟਿਸ਼ ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ ਹਨ, ਕਈ ਵਾਰ ਆਪਣੀ ਪਹਿਚਾਣ ਕਾਇਮ ਰੱਖਣ ਵਿੱਚ ਔਖਿਆਈ ਮਹਿਸੂਸ ਕਰ ਸਕਦੇ ਹਨ। ਦਸਤਾਰ, ਕੜਾ ਜਾਂ ਕੇਸਾਂ ਬਾਰੇ ਸਵਾਲ ਪੁੱਛੇ ਜਾਂਦੇ ਹਨ। ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਾਡਾ ਰੂਪ ਸਾਨੂੰ ਹਿੰਮਤ, ਸੇਵਾ ਅਤੇ ਬਰਾਬਰੀ ਲਈ ਦਿੱਤਾ ਗਿਆ ਹੈ।

**“ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ”**

ਅਰਥ: ਸਾਰੀ ਮਨੁੱਖਤਾ ਨੂੰ ਇਕੋ ਜਾਤ ਜਾਣੋ।

ਬ੍ਰਿਟੇਨ ਵਰਗੇ ਬਹੁ-ਸੰਸਕ੍ਰਿਤਿਕ ਦੇਸ਼ ਵਿੱਚ ਇਹ ਸਿੱਖਿਆ ਬਹੁਤ ਹੀ ਮਹੱਤਵਪੂਰਨ ਹੈ। ਸਿੱਖੀ ਸਾਨੂੰ ਸਿਖਾਉਂਦੀ ਹੈ ਕਿ ਅਸੀਂ ਹਰ ਧਰਮ ਅਤੇ ਕੌਮ ਦਾ ਆਦਰ ਕਰੀਏ, ਪਰ ਆਪਣੀ ਪਹਿਚਾਣ ਵਿੱਚ ਦ੍ਰਿੜ ਰਹੀਏ।

ਸਾਡੇ ਵਿਅਸਤ ਜੀਵਨ ਵਿੱਚ ਵੀ ਨਾਮ ਸਿਮਰਨ ਬਹੁਤ ਜ਼ਰੂਰੀ ਹੈ:

***“ਸਿਮਰਿ ਸਿਮਰਿ ਸੁਖੁ ਪਾਵਹੁ” (ਅੰਗ 262)***

ਅਰਥ: ਪ੍ਰਭੂ ਦਾ ਸਿਮਰਨ ਕਰਕੇ ਆਤਮਕ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਚਾਹੇ ਅਸੀਂ ਲੰਡਨ ਜਾਂ ਕਿਸੇ ਹੋਰ ਸ਼ਹਿਰ ਵੱਲ ਯਾਤਰਾ ਕਰ ਰਹੇ ਹੋਈਏ, ਕੰਮ ’ਤੇ ਜਾਣ ਤੋਂ ਪਹਿਲਾਂ ਜਾਂ ਰਾਤ ਨੂੰ ਸੌਣ ਤੋਂ ਪਹਿਲਾਂ — ਕੁਝ ਪਲਾਂ ਦਾ ਸਿਮਰਨ ਸਾਨੂੰ ਆਤਮਕ ਤੌਰ ’ਤੇ ਮਜ਼ਬੂਤ ਬਣਾਉਂਦਾ ਹੈ।

ਆਧੁਨਿਕ ਬ੍ਰਿਟੇਨ ਵਿੱਚ ਸਿੱਖੀ ਜੀਣਾ ਸਿਰਫ਼ ਗੁਰਦੁਆਰੇ ਤੱਕ ਸੀਮਿਤ ਨਹੀਂ। ਫੂਡ ਬੈਂਕਾਂ ਦੀ ਸਹਾਇਤਾ ਕਰਨੀ, ਪੜੋਸੀਆਂ ਦੀ ਮਦਦ ਕਰਨੀ, ਇੰਟਰਫੇਥ ਕਾਰਜਕ੍ਰਮਾਂ ਵਿੱਚ ਭਾਗ ਲੈਣਾ ਅਤੇ ਸਮਾਜ ਦੀ ਭਲਾਈ ਲਈ ਕੰਮ ਕਰਨਾ ਵੀ ਸੇਵਾ ਹੈ। ਸਾਡੇ ਕਰਮ ਗੁਰੂ ਸਾਹਿਬਾਨ ਦੀ ਸਿੱਖਿਆ ਦਾ ਪ੍ਰਤੀਬਿੰਬ ਹੋਣੇ ਚਾਹੀਦੇ ਹਨ।

ਆਓ ਅਸੀਂ ਇਸ ਤਰ੍ਹਾਂ ਜੀਵਨ ਬਤੀਤ ਕਰੀਏ ਕਿ ਬ੍ਰਿਟੇਨ ਵਿੱਚ ਲੋਕ ਸਿੱਖਾਂ ਨੂੰ ਸਿਰਫ਼ ਰੂਪ ਨਾਲ ਨਹੀਂ, ਸਗੋਂ ਇਮਾਨਦਾਰੀ, ਨਿਮਰਤਾ, ਸੇਵਾ ਅਤੇ ਹਿੰਮਤ ਨਾਲ ਪਛਾਣਣ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

———

ਲੇਖਕ:
ਦਵਿੰਦਰ ਸਿੰਘ
ਸੈਕਟਰੀ – ਬੇਸਿੰਗਸਟੋਕ ਸਿੱਖ ਸਭਾ

The committee are eager to hear your views; please take time to give us your suggestions and feedback

To find out more about what we have been up to, find us on facebook @basingstokesikhsociety